BBC LEARNING ENGLISH

# Essential English Conversation

# ਨਿੱਜੀ ਜਾਣਕਾਰੀ ਪੁੱਛਣਾ:

# ਕੀ ਤੁਹਾਡਾ ਕੋਈ ਭੈਣ ਜਾਂ ਭਰਾ ਹੈ ?

BBC LEARNING ENGLISH ਲਰਨਿੰਗ ਇੰਗਲਿਸ਼

### ਪ੍ਰੀਜੈਂਟਰ

ਹੈਲੋ, Essential English Conversation (ਅਸੈਂਸ਼ੀਅਲ ਇੰਗਲਿਸ਼ ਕਨਵਰਸੇਸ਼ਨ) ਵਿੱਚ ਤੁਹਾਡਾ ਸਵਾਗਤ ਹੈ। ਜਿਥੇ ਅਸੀਂ ਗੱਲ ਕਰਾਂਗੇ ਭਾਸ਼ਾ ਦੇ ਉਹਨਾਂ ਅਹਿਮ ਨੁਕਤਿਆਂ ਦੀ ਜਿਹਨਾਂ ਬਿਨਾਂ ਅੰਗਰੇਜ਼ੀ ਭਾਸ਼ਾ ਦੇ ਸਿਖਿਆਰਥੀਆਂ ਦਾ ਗੁਜ਼ਾਰਾ ਨਹੀਂ। । ਮੈਂ ਰਾਜਵੀਰ ਅਤੇ ਇਸ ਐਪੀਸੋਡ ਵਿੱਚ ਤੁਸੀਂ ਸਿੱਖੋਗੇ, ਕਿਸੇ ਨੂੰ ਇੰਗਲਿਸ਼ ਵਿੱਚ ਕਿਵੇਂ ਪੁੱਛਣਾ ਹੈ ਕਿ ਉਸਦਾ ਕੋਈ ਭੈਣ- ਭਰਾ ਹੈ ਜਾਂ ਨਹੀਂ।
ਆਪਸ ਵਿੱਚ ਗੱਲਾਂ ਕਰ ਰਹੇ ਦੋ ਲੋਕਾਂ ਨੂੰ ਸੁਣੋ ਜੋ ਇੱਕ ਦੂਜੇ ਨੂੰ ਉਹਨਾਂ ਦੇ ਭੈਣ-ਭਰਾ ਬਾਰੇ ਪੁੱਛ ਰਹੇ ਹਨ।

**Tina**
*Have you got any brothers or sisters?*

**John**
*Yes, I've got two sisters. How about you?*

**Tina**
*I've got a brother.*

### ਪ੍ਰੀਜੈਂਟਰ

ਜੇ ਥੋੜ੍ਹਾ ਔਖ੍ਹਾ ਲੱਗਿਆ ਤਾਂ ਵੀ ਫ਼ਿਕਰ ਨਾ ਕਰੋ। ਤੁਸੀਂ ਅਭਿਆਸ ਕਰ ਸਕੋਂ, ਇਸ ਲਈ ਅਸੀਂ ਗੱਲਬਾਤ ਨੂੰ ਛੋਟੇ ਹਿੱਸਿਆਂ ਵਿੱਚ ਤੋੜ ਦਿਆਂਗੇ।
ਪਹਿਲਾਂ ਟੀਨਾ ਨੇ ਜੌਨ ਨੂੰ ਪੁੱਛਿਆ, ' ਕੀ ਤੁਹਾਡਾ ਕੋਈ ਭੈਣ-ਭਰਾ ਹੈ? 'Have you got any brothers or sisters?' ਯਾਦ ਰੱਖੋ ਜਦੋਂ ਅਸੀਂ ਪ੍ਰਸ਼ਨ "have you got…" ਨਾਲ ਸ਼ੁਰੂ ਕਰਦੇ ਹਾਂ ਤਾਂ ਨਾਲ ਹਮੇਸ਼ਾਂ 'any' ਲਗਾਉਂਦੇ ਹਾਂ। ਹੁਣ ਸੁਣੋ ਤੇ ਵਾਕ ਨੂੰ ਦਹੁਰਾਓ।

*Have you got any brothers or sisters?*

### ਪ੍ਰੀਜੈਂਟਰ

ਤਾਂ ਜੌਨ ਨੇ ਕਿਹਾ, ਮੇਰੀਆਂ ਦੋ ਭੈਣਾਂ ਹਨ। 'I've got two sisters.' 'I've got' ਅਤੇ 'I have' ਦਾ ਅਰਥ ਇਕੋ ਹੀ ਹੈ। ਇਸੇ ਤਰ੍ਹਾਂ ਜਦੋਂ ਇੱਕ ਤੋਂ ਵੱਧ ਭੈਣਾਂ ਹੋਣ ਤਾਂ ਅਸੀਂ 'sister' ਸ਼ਬਦ ਦੇ ਅਖ਼ੀਰ ਵਿੱਚ ਇੱਕ **'S'** ਲਗਾਉਂਦੇ ਦਿੰਦੇ ਹਾਂ। ਮਤਲਬ ਇੱਕ ਵਚਨ 'sister' ਵਿੱਚ ਅਤੇ ਬਹੁ-ਵਚਨ 'sisters' ਹੋਵੇਗਾ। ਸੁਣੋ ਅਤੇ ਪਿੱਛੇ ਬੋਲੋ।


© British Broadcasting Corporation 2017

*Yes, I've got two sisters.*

### ਪ੍ਰੀਜੈਂਟਰ

ਜੌਨ ਨੇ ਫ਼ਿਰ ਉਹੀ ਪ੍ਰਸ਼ਨ ਮੋੜਕੇ ਪੁੱਛਿਆ, "ਤੁਹਾਡੇ ਬਾਰੇ ਕੀ?", "How about you?" ਵਾਕਾਂ ਨੂੰ ਸੁਣੋ ਅਤੇ ਫ਼ੇਰ ਪਿੱਛੇ ਬੋਲੋ।

*How about you?*

### ਪ੍ਰੀਜੈਂਟਰ

ਤਾਂ ਟੀਨਾ ਨੇ ਦੱਸਿਆ, "ਮੇਰਾ ਇੱਕ ਭਰਾ ਹੈ", "I've got a brother" / "a brother" ਮਤਲਬ ਇੱਕ ਭਰਾ।
ਸੁਣੋ ਅਤੇ ਵਾਕ ਨੂੰ ਦੁਹਰਾਓ।

*I've got a brother.*

### ਪ੍ਰੀਜੈਂਟਰ

ਸ਼ਾਬਾਸ਼ ਹੁਣ ਜੋ ਤੁਸੀਂ ਕਿਹਾ ਉਸਨੂੰ ਚੈੱਕ ਕਰੋ। ਅਲੱਗ ਅਲੱਗ ਲੋਕਾਂ ਨੂੰ ਸੁਣੋ ਜੋ ਇੱਕ ਦੂਸਰੇ ਤੋਂ ਉਹਨਾਂ ਦੇ ਕਿੰਨੇ ਭੈਣ ਭਰਾ ਹਨ ਬਾਰੇ ਪੁੱਛ ਰਹੇ ਨੇ ਅਤੇ ਦੇਖੋ ਤੁਸੀਂ ਕੀ ਕਿਹਾ।

*Have you got any brothers or sisters?*

*Yes, I've got a sister. How about you?*

*I've got two brothers and a sister.*

*Have you got any brothers or sisters?*

*Yes, I've got a sister and a brother. How about you?*

*I've got two sisters.*

### ਪ੍ਰੀਜੈਂਟਰ

ਠੀਕ ਹੈ, ਫ਼ੇਰ ਕੋਸ਼ਿਸ਼ ਕਰਦੇ ਹਾਂ। ਅੰਗਰੇਜ਼ੀ ਦੇ ਵਾਕਾਂ ਨੂੰ ਸੁਣੋ ਅਤੇ ਦੁਹਰਾਓ।

*Have you got any brothers or sisters?*

*Yes, I've got two sisters. How about you?*

*I've got a brother.*


© British Broadcasting Corporation 2017

**ਪ੍ਰੀਜੈਂਟਰ**
ਬਹੁਤ ਅੱਛਾ। ਚਲੋ ਦੇਖਦੇ ਹਾਂ ਤੁਸੀਂ ਕਿੰਨੀ ਚੰਗੀ ਤਰ੍ਹਾਂ ਯਾਦ ਰੱਖਿਆ। ਆਪਣੀ ਬੋਲੀ ਵਿੱਚ ਵਾਕਾਂ ਨੂੰ ਸੁਣੋ ਅਤੇ ਅੰਗਰੇਜ਼ੀ ਵਿੱਚ ਉਹਨਾਂ ਨੂੰ ਬੋਲੋ।

ਕੀ ਤੁਹਾਡਾ ਕੋਈ ਭੈਣ ਜਾਂ ਭਰਾ ਹੈ?

*Have you got any brothers or sisters?*

**ਪ੍ਰੀਜੈਂਟਰ**
ਹਾਂ, ਮੇਰੀਆਂ ਦੋ ਭੈਣਾਂ ਹਨ। ਤੁਹਾਡੇ ਬਾਰੇ ਕੀ**?**

*Yes, I've got two sisters. How about you?*

**ਪ੍ਰੀਜੈਂਟਰ**
ਮੇਰਾ ਇੱਕ ਭਰਾ ਹੈ।

*I've got a brother.*

**ਪ੍ਰੀਜੈਂਟਰ**
ਬਹੁਤ ਵਧੀਆ। ਹੁਣ ਤੁਸੀਂ ਜਾਣਦੇ ਹੋ ਲੋਕਾਂ ਨੂੰ ਅੰਗਰੇਜ਼ੀ ਵਿੱਚ ਕਿਵੇਂ ਪੁੱਛਣਾ ਹੈ ਕਿ ਉਹਨਾਂ ਦੇ ਕਿੰਨੇ ਭੈਣ-ਭਰਾ ਹਨ। ਟੀਨਾ ਨੂੰ ਜਵਾਬ ਦੇ ਕੇ ਅਭਿਆਸ ਕਰੋ। ਆਪਣੇ ਜਵਾਬ ਦੇ ਨਾਲ ਨਾਲ ਦੂਸਰੇ ਬਾਰੇ ਪੁੱਛਣਾ ਵੀ ਯਾਦ ਰੱਖੋ, "ਤੁਹਾਡੇ ਬਾਰੇ ਕੀ?" "How about you?"

*Have you got any brothers or sisters?*

*I've got a brother.*

**ਪ੍ਰੀਜੈਂਟਰ**
Great**,** ਹੁਣ ਆਪਣੇ ਜੁਆਬਾਂ ਨੂੰ ਚੈੱਕ ਕਰਨ ਲਈ ਸਾਰੀ ਗੱਲਬਾਤ ਦੁਬਾਰਾ ਸੁਣੋ।

**Tina**
*Have you got any brothers or sisters?*

**John**
*Yes, I've got two sisters. How about you?*


© British Broadcasting Corporation 2017

**Tina**
*I've got a brother.*

## ਪ੍ਰੀਜੈਂਟਰ

ਬਹੁਤ ਅੱਛਾ! ਹੁਣ ਤੁਸੀਂ ਅੰਗਰੇਜ਼ੀ ਵਿੱਚ ਲੋਕਾਂ ਨੂੰ ਪੁੱਛ ਸਕਦੇ ਹੋ ਕਿ ਉਹ ਕਿੰਨੇ ਭੈਣ ਜਾਂ ਭਰਾ ਹਨ। ਜੋ ਵੀ ਸਿੱਖਿਆ ਉਸਨੂੰ ਦਹੁਰਾਉਣਾ ਜ਼ਰੂਰ ਯਾਦ ਰੱਖਣਾ। ਇੱਕ ਚੰਗਾ ਦੋਸਤ ਲੱਭੋ ਤੇ ਉਸਨੂੰ ਅੰਗਰੇਜ਼ੀ ਵਿੱਚ ਪੁੱਛੋ ਉਸਦੇ ਕਿੰਨੇ ਭੈਣ - ਭਰਾ ਹਨ। ਸਾਡੇ ਨਾਲ ਫ਼ੇਰ ਜੁੜੋ ਰੋਜ਼ਾਨਾ ਬੋਲਚਾਲ ਦੀ ਹੋਰ ਅੰਗਰੇਜ਼ੀ ਭਾਸ਼ਾ ਸਿੱਖਣ ਲਈ। ਬਾਏ।


© British Broadcasting Corporation 2017